**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ**
**ਐਸ·ਸੀ·ਓ·ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ**
**ਫੋਨ ਨੰ: 0172-5015864, ਫੈਕਸ ਨੰ: 2624687 ਈ-ਮੇਲ : dgsepunjab18@gmail.com**

ਵੱਲ

ਸਮੂਹ ਮੰਡਲ ਸਿੱਖਿਆ ਅਫ਼ਸਰ(ਵੈਬ ਸਾਈਟ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ·ਸਿ)/(ਐ·ਸਿ)
ਸਮੂਹ ਮੁਖੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ(ਵੈਬ ਸਾਈਟ ਰਾਹੀਂ)
ਸਮੂਹ ਮੁਖੀ ਸਰਕਾਰੀ ਹਾਈ ਸਕੂਲ
ਸਮੂਹ ਮੁਖੀ ਸਰਕਾਰੀ ਮਿਡਲ ਸਕੂਲ
ਸਮੂਹ ਮੁਖੀ ਪ੍ਰਾਇਮਰੀ ਸਕੂਲ

ਮੀਮੋ ਨੰ: ਕੋਆਰਡੀਨੇਸ਼ਨ/2012/ 91421
ਮਿਤੀ,ਚੰਡੀਗੜ੍ਹ: ਦਸੰਬਰ 2012/ 31·12·12

**ਵਿਸ਼ਾ:** **ਧਾਰਮਿਕ ਸਥਾਨਾਂ ਤੇ ਵੱਜਦੇ ਲਾਊਡ ਸਪੀਕਰਾਂ ਦੁਆਰਾ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਵਿਘਨ ਪਾਉਣ ਤੋਂ ਰੋਕਣ ਬਾਰੇ।**

1·0 ਕਿਸੇ ਵੀ ਸਮਾਜ ਦੀ ਉਸਾਰੀ ਅਤੇ ਤਰੱਕੀ ਦਾ ਪ੍ਰਮੁੱਖ ਅਧਾਰ ਬੱਚਿਆਂ ਦੀ ਵਿੱਦਿਆ ਹੁੰਦੀ ਹੈ। ਦੁਨੀਆਂ ਵਿੱਚ ਕੇਵਲ ਉਹ ਸਮਾਜ ਹੀ ਤਰੱਕੀ ਕਰਦੇ ਹਨ ਜਿਥੇ ਬੱਚਿਆਂ ਨੂੰ ਪੜ੍ਹਾਈ ਲਈ ਸਾਰਥਕ ਅਤੇ ਵਧੀਆ ਵਿੱਦਿਅਕ ਮਾਹੌਲ ਪ੍ਰਾਪਤ ਕਰਵਾਇਆ ਜਾਂਦਾ ਹੈ ।

2·0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਜਨਵਰੀ ਤੋਂ ਮਾਰਚ ਤੱਕ ਦਾ ਸਮਾਂ ਵਿਦਿਆਰਥੀਆਂ ਦੀ ਪੜ੍ਹਾਈ ਲਈ ਬਹੁਤ ਹੀ ਕੀਮਤੀ ਸਮਾਂ ਹੁੰਦਾ ਹੈ। ਇਸ ਸਮੇਂ ਦੌਰਾਨ ਵਿਦਿਆਰਥੀ ਬਹੁਤ ਹੀ ਤਨਦੇਹੀ ਨਾਲ ਪੜ੍ਹਾਈ ਵਿੱਚ ਲੱਗੇ ਹੁੰਦੇ ਹਨ ਅਤੇ ਇਹਨਾਂ ਦੇ ਮਾਪੇ ਅਤੇ ਅਧਿਆਪਕ ਇਹਨਾਂ ਦਿਨਾਂ ਵਿੱਚ ਫਿਕਰਮੰਦੀ ਨਾਲ ਪੜ੍ਹਾਈ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰ ਰਹੇ ਹੁੰਦੇ ਹਨ। ਪਰ ਇਹ ਵੇਖਿਆ ਗਿਆ ਹੈ ਕਿ ਪਿੰਡਾਂ ਤੇ ਸ਼ਹਿਰਾਂ ਵਿੱਚ ਧਾਰਮਿਕ ਸਥਾਨਾਂ 'ਤੇ ਖਾਸ ਕਰਕੇ ਸਵੇਰੇ ਅਤੇ ਸ਼ਾਮ ਸਮੇਂ ਵੱਜਦੇ ਲਾਊਡ ਸਪੀਕਰ ਇਹਨਾਂ ਬੱਚਿਆਂ ਦੀ ਪੜ੍ਹਾਈ ਤੇ ਬੁਰਾ ਪ੍ਰਭਾਵ ਪਾਉਂਦੇ ਹਨ ਅਤੇ ਬੱਚਿਆਂ ਦੀ ਇਕਾਗਰਤਾ ਨੂੰ ਭੰਗ ਕਰਦੇ ਹਨ ।

3·0 ਜਨਤਕ/ਧਾਰਮਿਕ ਸਥਾਨਾਂ 'ਤੇ ਵੱਜਦੇ ਲਾਊਡ ਸਪੀਕਰਾਂ ਨੂੰ ਨਿਯੰਤਰਿਤ ਕਰਨ ਸਬੰਧੀ ਕਾਨੂੰਨ ਬਣੇ ਹੋਏ ਹਨ ਅਤੇ ਅਦਾਲਤਾਂ ਦੇ ਕਾਫੀ ਫੈਸਲੇ ਹੋਏ ਹਨ ਜਿਹਨਾਂ ਮੁਤਾਬਿਕ ਕਿਸੇ ਵੀ ਜਗ੍ਹਾ 'ਤੇ ਲਾਊਡ ਸਪੀਕਰ ਦੀ ਆਵਾਜ਼ ਉਸ ਬਿਲਡਿੰਗ ਦੀ ਹਦੂਦ ਤੋਂ ਬਾਹਰ ਨਹੀਂ ਆਉਣੀ ਚਾਹੀਦੀ। ਉਕਤ ਸਬੰਧੀ ਮਾਨਯੋਗ ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 72 ਆਫ਼ 1998 Forum, Prevention of Environment and Sound Pollution V/s Union of India and others ਵਿੱਚ ਮਿਤੀ 18·07·2005 ਨੂੰ ਹੁਕਮ ਪਾਸ ਕੀਤੇ ਗਏ ਸਨ ਕਿ ਕਿਸੇ ਵੀ ਜਗ੍ਹਾ ਤੇ ਸਵੇਰੇ 6 ਵਜੇ ਤੋਂ ਪਹਿਲਾਂ ਅਤੇ ਰਾਤ ਦੇ 10 ਵਜੇ ਤੋਂ ਬਾਅਦ ਲਾਊਡ ਸਪੀਕਰਾਂ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਜਾਵੇਗੀ। ਇਸ ਸਬੰਧੀ ਮਾਨਯੋਗ ਸੁਪਰੀਮ ਕੋਰਟ ਦਾ ਆਦੇਸ਼ ਹੇਠ ਲਿਖੇ ਅਨੁਸਾਰ ਹੈ:-

"No person shall beat a drum or tom-tom or blow a trumpet or beat or sound any instrument or use any sound amplifier at night (between 10.00 P.M and 6.00 A.M) except in Public emergencies"

4.0 ਇਸ ਤੋਂ ਇਲਾਵਾ ਭਾਰਤ ਸਰਕਾਰ ਦੁਆਰਾ ਬਣਾਏ ਗਏ ਕਾਨੂੰਨ "The Noise Pollution (Regulation and Control) Rules, 2000 ਜੋ ਕਿ The Environment (Protection) Act, 1986

ਅਧੀਨ ਬਣਾਏ ਗਏ ਹਨ, ਰਾਹੀਂ ਵੀ ਲਾਊਡ ਸਪੀਕਰਾਂ ਦੀ ਵਰਤੋਂ ਸਬੰਧੀ ਹੇਠ ਲਿਖੇ ਅਨੁਸਾਰ ਪ੍ਰਾਵਧਾਨ ਕੀਤਾ ਗਿਆ ਹੈ:-

"A loud speaker or a public address system or any sound producing instrument or a musical instrument or a sound amplifier shall not be used at night time (10 P.M to 6 A.M) except in closed premises for communication within, like auditoria, conference rooms, community halls, banquet halls or during a public emergency"

5.0 ਉਕਤ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ The Punjab Instruments (Control of Noises) Act, 1956 ਵੀ ਪਾਸ ਕੀਤਾ ਗਿਆ ਹੈ। ਇਸ ਐਕਟ ਦੀ ਧਾਰਾ 3 ਅਤੇ 4 ਰਾਹੀਂ ਲਾਊਡ ਸਪੀਕਰ ਚਲਾਉਣ ਤੇ ਪਾਬੰਦੀ ਲਗਾਈ ਗਈ ਹੈ। ਇਹ ਧਾਰਾ ਹੇਠ ਲਿਖੇ ਅਨੁਸਾਰ ਹੈ:-

3. ***Restriction on the use of instruments-*** No person shall use or operate any instrument:

(a) In or upon any premises at such pitch or volume as to be audible beyond the precincts thereof.

(b) On any road, street, thoroughfare or other public or vacant place.

Except under the written permission of the District Magistrate or any officer authorized by him in this behalf and under such conditions as may be attached to it.

4. ***Limitation on the use of instruments-*** No person shall use or operate any instrument between ten o'clock in the night and six o'clock in the morning except with the written permission of the District Magistrate or any officer authorized by him in this behalf and under such conditions as may be attached to it.

"Instrument" means a loud speaker an amplifier and such other apparatus for the play of sounds as may be declared to be an instrument under this Act by the State Government.

5. ***Penalty:*** Whoever contravenes the provisions of the Act shall be liable to be punished with imprisonment of either description for a term which may extend to six months or with fine which may extend to one thousand rupees or with both.

6·0 ਉਕਤ ਦੱਸੀਆਂ ਗਈਆਂ ਕਾਨੂੰਨੀ ਧਾਰਾਵਾਂ ਤੋਂ ਇਲਾਵਾ ਗੁਰਦੁਆਰਾ ਸਾਹਿਬਾਨ ਵਿੱਚ ਲਾਊਡ ਸਪੀਕਰਾਂ ਬਾਰੇ ਸਿੱਖਾਂ ਦੀ ਸਰਵ ਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਮਿਤੀ 23·11·2005 ਨੂੰ ਇਕ ਹੁਕਮਨਾਮਾ ਜਾਰੀ ਕੀਤਾ ਗਿਆ (ਜਿਸ ਦੀ ਕਾਪੀ ਨਾਲ ਨੱਥੀ ਹੈ)। ਇਸ ਹੁਕਮਨਾਮੇ ਮੁਤਾਬਿਕ ਸਮੂਹ ਗੁਰੂਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਵਿਸ਼ੇਸ਼ ਦਿਹਾੜਿਆਂ ਅਤੇ ਗੁਰਮਤਿ ਸਮਾਗਮਾਂ ਤੋਂ ਇਲਾਵਾ ਲਾਊਡ ਸਪੀਕਰਾਂ ਦੀ ਆਵਾਜ਼ ਗੁਰੂਦੁਆਰਾ ਸਾਹਿਬਾਨ ਦੀ ਹਦੂਦ ਅੰਦਰ ਹੀ ਸੀਮਤ ਰਹੇ।

ਉਕਤ ਅਨੁਸਾਰ ਦੱਸੀਆਂ ਕਾਨੂੰਨੀ ਧਰਾਵਾਂ ਅਤੇ ਹੁਕਮਨਾਮੇ ਨੂੰ ਸਮੁੱਚੇ ਰੂਪ ਵਿੱਚ ਪੜ੍ਹਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਕਿਸੇ ਵੀ ਧਾਰਮਿਕ ਸੰਸਥਾ ਜਾਂ ਕਿਸੇ ਵਿਅਕਤੀ ਵੱਲੋਂ ਲਾਊਡ ਸਪੀਕਰ ਨਹੀਂ ਵਜਾਇਆ ਜਾ ਸਕਦਾ ਜਿਸ ਦੀ ਆਵਾਜ਼ ਉਸ ਸੰਸਥਾ ਜਾਂ ਵਿਅਕਤੀ ਦੇ ਘਰ ਦੀ ਹਦੂਦ ਤੋਂ ਬਾਹਰ ਆਉਂਦੀ ਹੋਵੇ। ਇਸ ਦੇ ਨਾਲ ਹੀ ਇਹ ਵੀ ਕਾਨੂੰਨੀ ਤੌਰ ਤੇ ਸਪੱਸ਼ਟ ਹੈ ਕਿ ਰਾਤ ਦੇ 10 ਵਜੇ ਤੋਂ ਸਵੇਰ ਦੇ 6·00 ਵਜੇ ਤੱਕ ਕਿਸੇ ਵੀ ਹਾਲਤ ਵਿੱਚ ਲਾਊਡ ਸਪੀਕਰ ਵਜਾਇਆ ਹੀ ਨਹੀਂ ਜਾ ਸਕਦਾ।

7.0 ਕਾਨੂੰਨ ਅਨੁਸਾਰ ਇਲਾਕੇ ਦੇ ਐੱਸ·ਐੱਚ·ਓ, ਮੈਜਿਸਟਰੇਟ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐੱਸ·ਡੀ·ਓ ਜਾਂ ਉੱਪਰਲੇ ਅਧਿਕਾਰੀ ਲਾਊਡ ਸਪੀਕਰਾਂ ਨੂੰ ਵੱਜਣ ਤੋਂ ਰੋਕਣ ਸਬੰਧੀ ਕਾਨੂੰਨ ਮੁਤਾਬਕ ਕਾਰਵਾਈ ਕਰਨ ਲਈ ਸਮਰੱਥ ਹਨ। ਇਹ ਕਾਨੂੰਨੀ ਕਾਰਵਾਈ ਸੀ·ਆਰ·ਪੀ·ਸੀ ਦੀ ਧਾਰਾ 133 ਜਾਂ ਆਈ·ਪੀ·ਸੀ ਦੀ ਧਾਰਾ 268, 290, 291 ਜਾਂ Environment (Protection) Act, 1986 ਅਧੀਨ ਅਤੇ Punjab Instruments(Control of Noises) Act 1956 ਤਹਿਤ ਕੀਤੀ ਜਾ ਸਕਦੀ ਹੈ। ਜਿਸ ਵਿੱਚ ਕੋਰਟ ਵੱਲੋਂ 6 ਮਹੀਨੇ ਦੀ ਕੈਦ ਅਤੇ ਜੁਰਮਾਨਾ ਜਾਂ ਦੋਵੇਂ ਕਰਨ ਦਾ ਪ੍ਰਾਵਧਾਨ ਹੈ ।

8·0 ਉਕਤ ਦੱਸੇ ਦੀ ਰੌਸ਼ਨੀ ਵਿਚ ਦੇਖਿਆ ਜਾਂਦਾ ਹੈ ਕਿ ਜਿੱਥੇ ਅਧਿਆਪਕ ਅਤੇ ਸਕੂਲ ਮੁਖੀ ਦੀ ਜ਼ਿੰਮੇਵਾਰੀ ਬੱਚਿਆਂ ਨੂੰ ਬਿਹਤਰ ਵਿੱਦਿਅਕ ਪਾਠਕ੍ਰਮ ਦਾ ਗਿਆਨ ਕਰਾਉਣਾ ਹੈ ਉੱਥੇ ਵਿੱਦਿਆ ਨੂੰ ਗ੍ਰਹਿਣ ਕਰਨ ਸਬੰਧੀ ਚੰਗਾ ਵਿੱਦਿਅਕ ਮਾਹੌਲ ਦੇਣ ਦੀ ਜ਼ਿੰਮੇਵਾਰੀ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ।

9·0 ਉਕਤ ਨੂੰ ਮੁੱਖ ਰੱਖਦੇ ਹੋਏ ਸਮੂਹ ਸਕੂਲ ਮੁਖੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਕੂਲ ਪ੍ਰਬੰਧ ਕਮੇਟੀ ਦੇ ਮੈਂਬਰ, ਪਿੰਡਾਂ ਦੇ ਸਰਪੰਚ, ਪੰਚਾਇਤ ਮੈਂਬਰ, ਬੱਚਿਆਂ ਦੇ ਮਾਪਿਆਂ ਅਤੇ ਹੋਰ ਮੋਹਤਬਰ ਵਿਅਕਤੀਆਂ ਅਤੇ ਬੱਚਿਆਂ ਨੂੰ ਨਾਲ ਲੈ ਕੇ ਜਨਵਰੀ ਦੇ ਪਹਿਲੇ ਹਫਤੇ ਕਿਸੇ ਵੀ ਦਿਨ ਪਿੰਡ/ਸ਼ਹਿਰ ਦੇ ਧਾਰਮਿਕ ਸਥਾਨਾਂ ਦੇ ਪ੍ਰਬੰਧਕਾਂ ਨੂੰ ਮਿਲ ਕੇ ਆਵਾਜ਼ ਪ੍ਰਦੂਸ਼ਣ ਸਬੰਧੀ ਕਾਨੂੰਨ ਅਤੇ ਹਦਾਇਤਾਂ ਦੀ ਨਿਮਰਤਾ ਸਹਿਤ ਜਾਣਕਾਰੀ ਦੇਣ ਅਤੇ ਇਹ ਬੇਨਤੀ ਕਰਨ ਕਿ ਪੰਜਾਬ ਦੇ ਵਿਦਿਆਰਥੀਆਂ ਦੇ ਵਡੇਰੇ ਹਿਤਾਂ ਨੂੰ ਮੁੱਖ ਰੱਖਦੇ ਹੋਏ ਇਸ ਸਬੰਧੀ ਸ੍ਰੀ ਅਕਾਲ ਤਖਤ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਦੇ ਮੱਦੇਨਜ਼ਰ ਅਤੇ ਭਾਰਤ ਦੀ ਸਰਵ ਉੱਚ ਅਦਾਲਤ ਦੁਆਰਾ ਜਾਰੀ ਕੀਤੇ ਹੁਕਮ ਦੇ ਸਨਮੁਖ ਅਤੇ ਪੰਜਾਬ ਸਰਕਾਰ ਦੁਆਰਾ ਪਾਸ ਕੀਤੇ ਐਕਟ ਦੀ ਰੌਸ਼ਨੀ ਵਿੱਚ ਕਿਸੇ ਵੀ ਧਾਰਮਿਕ ਸਥਾਨ(ਗੁਰੂਦੁਆਰਾ, ਮੰਦਿਰ, ਆਸ਼ਰਮ, ਡੇਰਾ, ਚਰਚ, ਮਸਜਿਦ) ਵਿੱਚ ਸਵੇਰੇ 6 ਵਜੇ ਤੋਂ ਪਹਿਲਾਂ ਅਤੇ ਰਾਤ ਦੇ 10 ਵਜੇ ਤੋਂ ਬਾਅਦ ਲਾਊਡ ਸਪੀਕਰ ਦੀ ਵਰਤੋਂ ਬਿਲਕੁਲ ਨਾ ਕਰਨ ਅਤੇ ਇਸ ਸਮੇਂ ਤੋਂ ਬਾਅਦ ਵੀ ਬਹੁਤ ਹੀ ਧੀਮੀ ਆਵਾਜ਼ ਵਿੱਚ ਸਪੀਕਰ ਦੀ ਵਰਤੋਂ ਕੀਤੀ ਜਾਵੇ ਤਾਂ ਕਿ ਇਹ ਆਵਾਜ਼ ਸਬੰਧਤ ਸੰਸਥਾਨਾਂ/ਧਾਰਮਿਕ ਸਥਾਨ ਦੀ ਹਦੂਦ ਤੋਂ ਬਾਹਰ ਨਾ ਸੁਣਾਈ ਦੇਵੇ।

10·0 ਆਪ ਦੁਆਰਾ ਉਕਤ ਅਨੁਸਾਰ ਕੀਤੇ ਜਾਣ ਵਾਲੇ ਇਹ ਸ਼ਲਾਘਾਯੋਗ ਉਪਰਾਲੇ ਆਪ ਦੇ ਖੇਤਰ ਵਿੱਚ ਬੱਚਿਆਂ ਦੀ ਪੜ੍ਹਾਈ ਪੱਖੋਂ ਮਹੱਤਵਪੂਰਨ ਹੋਣ ਕਾਰਨ ਵਿਦਿਆਰਥੀਆਂ ਲਈ ਸ਼ਾਂਤ ਮਾਹੌਲ ਸਿਰਜਣ ਵਿੱਚ ਕਾਰਗਰ ਤਾਂ ਸਿੱਧ ਹੋਣਗੇ ਹੀ ਨਾਲ ਹੀ ਸਮਾਜ ਲਈ ਜ਼ਰੂਰੀ ਇਕ ਨਵੀਂ ਪਿਰਤ ਪਾਉਣ ਵਿਚ ਆਪਦੇ ਯੋਗਦਾਨ ਦੀ ਪ੍ਰੋੜ੍ਹਤਾ ਵੀ ਕਰਨਗੇ।

**ਕਾਹਨ ਸਿੰਘ ਪੰਨੂੰ, ਆਈ.ਏ.ਐੱਸ**
**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਮਿਤੀ:

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਮੋਹਾਲੀ।
2. ਸਮੂਹ ਡਿਪਟੀ ਕਮਿਸ਼ਨਰ, ਪੰਜਾਬ।
3. ਸਮੂਹ ਕਮਿਸ਼ਨਰ ਪੁਲਿਸ/ਜ਼ਿਲ੍ਹਿਆਂ ਦੇ ਐੱਸ.ਐੱਸ.ਪੀ, ਪੰਜਾਬ।
4. ਚੇਅਰਮੈਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪੰਜਾਬ, ਪਟਿਆਲਾ।

**ਕਾਹਨ ਸਿੰਘ ਪੰਨੂੰ, ਆਈ.ਏ.ਐੱਸ**
**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਗਿਆਨੀ ਜੋਗਿੰਦਰ ਸਿੰਘ
ਜਥੇਦਾਰ

ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ।

ਨੰਬਰ .....................

ਮਿਤੀ ੨੩-੧੧-੨੦੦੫

## ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ

੧੦ ਮੱਘਰ ਸੰਮਤ ~~ਨਾਨਕਸ਼ਾਹੀ ੫੩੭~~ (੨੩ ਨਵੰਬਰ ੨੦੦੫) ਦਾ ਮਤਾ ਨੰਬਰ 4

ਸਿੱਖ ਸੰਗਤਾਂ ਨੂੰ ਕੀਰਤਨ, ਕਥਾ ਅਤੇ ਗੁਰਬਾਣੀ ਸੁਣਾਏ ਜਾਣ ਲਈ ਗੁਰਦੁਆਰਾ ਸਾਹਿਬਾਨ ਵਿਚ ਲਗਾਏ ਗਏ ਲਾਊਡ ਸਪੀਕਰਾਂ ਦੀਆਂ ਉਚੀਆਂ ਆਵਾਜ਼ਾਂ ਬਾਰੇ ਵਿਦਿਆਰਥੀਆਂ, ਰੋਗੀਆਂ ਮਨੋਵਿਗਿਆਨੀਆਂ, ਸਿਹਤ ਵਿਗਿਆਨੀਆਂ ਅਤੇ ਵੱਖ-ਵੱਖ ਖੇਤਰ ਵਿਚ ਵਿਚਰ ਰਹੇ ਵਿਅਕਤੀਆਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜ ਰਹੀਆਂ ਪੱਤ੍ਰਿਕਾਵਾਂ ਦੇ ਮੱਦੇ ਨਜ਼ਰ ਸਮੂੰਹ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ ਗੁਰੂ ਘਰਾਂ ਵਿਚ ਲਾਊਡ ਸਪੀਕਰਾਂ ਦੀ ਆਵਾਜ ਸੀਮਾ ਨਿਰਧਾਰਤ ਕਰਨ। ਉਹ ਅਜੇਹੇ ਪ੍ਰਬੰਧ ਯਕੀਨੀ ਬਣਾਉਣ ਕਿ ਵਿਸ਼ੇਸ਼ ਦਿਹਾੜਿਆਂ ਅਤੇ ਗੁਰਮਤਿ ਸਮਾਗਮਾਂ ਤੋਂ ਇਲਾਵਾ ਲਾਊਡ ਸਪੀਕਰਾਂ ਦੀ ਆਵਾਜ਼ ਗੁਰਦੁਆਰਾ ਸਾਹਿਬਾਨ ਦੀ ਹਦੂਦ ਅੰਦਰ ਹੀ ਸੀਮਤ ਰਹੇ।

ਜੋਗਿੰਦਰ ਸਿੰਘ
(ਜੋਗਿੰਦਰ ਸਿੰਘ)
ਜਥੇਦਾਰ।